# ਜਲਿਆਂਵਾਲੇ ਸਾਕੇ ਲਈ ਮਾਫੀ

ਇੰਗ ਲੰਡ  ਸ਼ਰਮਿੰਦਾ ਹੋ ਗਿਆ ਉਧਮਾਂ
ਤੂੰ ਲੰਦਨ ਵਿਚ ਜ਼ਿੰਦਾ ਹੋ ਗਿਆ ਉਧਮਾਂ
ਕੇਮਰਾਣੰ   ਸ਼ਰਮਿੰਦਾ ਹੋ ਗਿਆ ਉਧਮਾਂ
ਤੂੰ ਲੰਦਨ ਵਿਚ ਜ਼ਿੰਦਾ ਹੋ ਗਿਆ ਉਧਮਾਂ

ਅੰਬਰਸਰ  ਵਿਚ ਗੋਰਾ ਮਾਫੀ ਮੰਗ ਰਿਹਾ
ਮਾਫੀ ਸ਼ਬਦ ਨੂੰ ਵਰਤਣ ਤੋਂ ਪਰ ਸੰਗ ਰਿਹਾ
ਸ਼ਰਮਨਾਕ ਸੀ ਕਾਰਾ ਗੋਰੇ ਡਾਇਰ ਦਾ
ਕਦੇ ਨਹੀਂ ਭੁਲਣਾ ਕਾਰਾ ਗੋਰੇ ਕਾਇਰ ਦਾ

ਜਲਿਆਂਵਾਲੇ ਬਾਗ਼ ਚ ਫੁੱਲ ਚੜ੍ਹਾ  ਗਿਆ
ਹੋ ਕੇ ਪੱਬਾਂ ਭਰ ਗੋਰਾ ਆ ਗਿਆ
ਊਧਮ ਸਿੰਘ ਦੇ ਬਾਰੇ ਚੁੱਪੀ ਵੱਟ ਗਿਆ
ਸ਼ਰਧਾ  ਫੁੱਲ ਚੜ੍ਹਾ ਕੇ ਵਾਪਸ ਛੱਟ ਗਿਆ

ਇਹ ਕੇਵਲ ਪਛਤਾਵਾ ਹੈ ਸੀ ਮਾਫੀ ਨਾਂ
ਮੈਨੂੰ ਲੱਗਦਾ ਇੰਨੇ ਲਫ਼ਜ਼ ਹੀ ਕਾਫੀ ਨਾਂ
ਜੇਕਰ ਗੋਰਾ ਜਾਂਦਾ ਵਿਚ ਸੁਨਾਮ ਦੇ
ਚਰਚੇ ਹੁੰਦੇ ਊਧਮ ਸਿੰਘ ਦੇ ਨਾਮ ਦੇ

ਊਧਮ ਦੇ ਹਥਿਆਰ ਲੰਦਨ ਵਿਚ ਰੁਲਦੇ
ਡਾਇਰੀ ਦੇ ਅਲਫਾਜ਼ ਲੰਦਨ ਵਿਚ ਰੁਲਦੇ
ਉਸਦਾ ਜੋ ਸਮਾਨ ਲੈ ਕੇ ਆਉਣਾ ਹੈ
ਜਲਦੀ ਹਿੰਦੁਸਤਾਨ ਲੈ ਕੇ ਆਉਣਾ ਹੈ

ਜਿਸ ਦਿਨ ਉਹ ਸਮਾਨ ਏਥੇ ਆਊਗਾ
ਮੀਡੀਆ ਮੱਲੋ ਮਲੀ ਖ਼ਬਰਾਂ ਲਾਊਗਾ
ਲੀਡਰ ਖੁਦ ਬੇਖ਼ੁਦ ਮੂਹਰੇ ਆ ਜਾਣਗੇ
ਧਕੇ ਨਾਲ ਸਟੇਜਾਂ ਉੱਤੇ ਛਾ ਜਾਣਗੇ

ਊਧਮ ਊਧਮ ਚਾਰੇ ਪਾਸੇ ਹੋ ਜੁ ਗੀ
ਇਕ ਵਾਰ ਤਾਂ ਘੜੀ ਦੀ ਸੂਈ ਖੜੋ ਜੁ ਗੀ
ਟੀਵੀ ਮੂਹਰੇ ਬਹਿ ਕੇ ਖ਼ਬਰਾਂ ਸੁਣੂ ਗਾ ਮੈਂ
ਅਗਲੀ "ਪਿਲ" ਦਾ ਤਾਣਾ ਬਾਣਾ ਬੁਣੂਗਾ ਮੈਂ